Shaheed
Baba Deep Singh Ji



ਅੱਜ ਦੇ ਦਿਨ (ਮਿਤੀ 15 ਨਵੰਬਰ, 2021) ਇਤਿਹਾਸ

ਸ਼ਹੀਦੀ ਦਿਹਾੜਾ: ਬਾਬਾ ਦੀਪ ਸਿੰਘ ਜੀ

English Translation available below हिंदी अनुवाद नीचे उपलब्ध है

ਮਾਤਾ ਜੀ: ਮਾਤਾ ਜਿਉਣੀ ਜੀ

ਪਿਤਾ ਜੀ: ਭਾਈ ਭਗਤਾ ਜੀ

ਜਨਮ-ਮਿਤੀ: ੧੪ ਮਾਘ, ਸੰਮਤ ੧੭੩੯ ਬਿ. (੨੭ ਜਨਵਰੀ, ਸੰਨ ੧੬੮੨ ਈ.)

ਜਨਮ-ਸਥਾਨ: ਪਿੰਡ ਪਹੂਵਿੰਡ, ਜ਼ਿਲ੍ਹਾ ਸ੍ਰੀ ਤਰਨ ਤਾਰਨ ਸਾਹਿਬ, ਪੰਜਾਬ

ਸ਼ਹੀਦੀ: ੩੦ ਕੱਤਕ, ਸੰਮਤ ੧੮੧੪ ਬਿ. (੧੧ ਨਵੰਬਰ, ਸੰਨ ੧੭੫੭ ਈ.)

ਸਿੱਖ ਇਤਿਹਾਸ ਲਾਸਾਨੀ ਸ਼ਹਾਦਤਾਂ ਦੀਆਂ ਗਾਥਾਵਾਂ ਨਾਲ ਭਰਪੂਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਰਬੱਤ ਦੇ ਭਲੇ ਦੀ ਵਿਚਾਰਧਾਰਾ ਦੇ ਦਿਨ ਪ੍ਰਤੀ ਦਿਨ ਵਧ ਰਹੇ ਪਸਾਰ ਤੋਂ ਪ੍ਰੇਸ਼ਾਨ ਜ਼ਾਲਮ ਹਕੂਮਤ ਨੇ ਸੱਚ ਦੀ ਆਵਾਜ਼ ਨੂੰ ਮਿਟਾਉਣ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ 'ਤੇ ਬਿਠਾ ਕੇ ਸੀਸ ਉੱਤੇ ਗਰਮ ਰੇਤ ਪਾ ਕੇ ਸ਼ਹੀਦ ਕਰ ਦਿੱਤਾ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਿੱਖਾਂ ਅੰਦਰ ਉੱਚੇ-ਸੁੱਚੇ ਆਦਰਸ਼ ਦੀ ਪ੍ਰਾਪਤੀ ਲਈ ਆਪਣਾ ਆਪਾ ਕੁਰਬਾਨ ਕਰਨ ਦਾ ਨਵੇਕਲਾ ਗੁਣ ਭਰ ਦਿੱਤਾ ਅਤੇ ਸਿੱਖੀ ਦੀ

ਫੁਲਵਾੜੀ ਹੋਰ ਪ੍ਰਫੁੱਲਿਤ ਹੋਣ ਲੱਗੀ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੀਰੀ ਅਤੇ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕਰਕੇ ਨਿਰਬਲ ਹੋਈ ਪਰਜਾ ਅੰਦਰ ਨਵੀਂ ਰੂਹ ਫੂਕ ਦਿੱਤੀ ਅਤੇ ਇਹ ਲਹਿਰ ਹੋਰ ਪ੍ਰਚੰਡ ਹੋਣ ਲੱਗੀ। ਇਸ ਪ੍ਰਚੰਡ ਹੋਈ ਲਹਿਰ ਨੂੰ ਔਰੰਗਜ਼ੇਬ ਦੇ ਜ਼ੁਲਮ ਵੀ ਖ਼ਤਮ ਨਾ ਕਰ ਸਕੇ ਅਤੇ ਇਹ ਲਹਿਰ ਉਸ ਦੇ ਲਈ ਇੱਕ ਵੰਗਾਰ ਬਣ ਗਈ। ਜਦ ਔਰੰਗਜ਼ੇਬ ਨੇ ਹਰ ਰੋਜ਼ ਆਪਣੇ ਭਾਰ ਦੇ ਬਰਾਬਰ ਜਨੇਊ ਉਤਾਰ ਕੇ ਹਿੰਦੂ ਧਰਮ ਦਾ ਨਾਮੋ-ਨਿਸ਼ਾਨ ਮਿਟਾ ਦੇਣ ਦੇ ਹੁਕਮ ਜਾਰੀ ਕਰ ਦਿੱਤੇ ਤਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਨੁੱਖੀ ਅਧਿਕਾਰਾਂ ਦੀ ਰਾਖੀ ਹਿੱਤ ਸ਼ਹੀਦੀ ਦੇ ਕੇ ਆਪਣੇ ਸਿੱਖਾਂ ਅੰਦਰ ਸਰਬੱਤ ਦੇ ਭਲੇ ਲਈ ਕੁਰਬਾਨੀ ਦਾ ਨਵਾਂ ਜੋਸ਼ ਭਰ ਦਿੱਤਾ। ਕਿਸੇ ਦੂਸਰੇ ਦੇ ਧਰਮ ਲਈ ਆਪਣਾ ਆਪਾ ਕੁਰਬਾਨ ਕਰ ਦੇਣ ਦੀ ਇਹ ਵਿਸ਼ਵ ਇਤਿਹਾਸ ਵਿੱਚ ਨਵੇਕਲੀ ਮਿਸਾਲ ਹੈ। ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਰਬੱਤ ਦੇ ਭਲੇ ਦੇ ਇਸ ਮਿਸ਼ਨ ਦੀ ਚੜ੍ਹਦੀ ਕਲਾ ਲਈ ਆਪਣਾ ਸਾਰਾ ਸਰਬੰਸ ਵਾਰ ਦਿੱਤਾ। ਆਪਣੇ ਸਿੱਖਾਂ ਨੂੰ ਖੰਡੇ ਬਾਟੇ ਦੀ ਪਾਹੁਲ ਬਖ਼ਸ਼ਸ਼ ਕਰਕੇ ਉਨ੍ਹਾਂ ਅੰਦਰ ਕੁਰਬਾਨੀ ਲਈ ਤਿਆਰ-ਬਰ-ਤਿਆਰ ਰਹਿਣ ਦਾ ਜਜ਼ਬਾ ਗੁਰੂ ਜੀ ਨੇ ਇਸ ਕਾਬਲੀਅਤ ਨਾਲ ਭਰਿਆ ਕਿ ਸਿੱਖਾਂ ਨੇ ਲਾਮਿਸਾਲ ਇਤਿਹਾਸ ਸਿਰਜ ਦਿੱਤਾ। ਇਸ ਇਤਿਹਾਸ ਦੇ ਚਮਕਦੇ ਸਿਤਾਰੇ ਹਨ ਸ਼ਹੀਦ ਬਾਬਾ ਦੀਪ ਸਿੰਘ ਜੀ।

ਬਾਬਾ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਖੰਡੇ ਬਾਟੇ ਦੀ ਪਾਹੁਲ

ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ।ਉਨ੍ਹਾਂ ਦੀ ਸ਼ਹੀਦੀ ਆਪਣੇ ਆਪ ਵਿੱਚ ਇੱਕ ਅਦੁੱਤੀ ਮਿਸਾਲ ਹੈ।

ਬਾਬਾ ਦੀਪ ਸਿੰਘ ਜੀ ਦਾ ਮੁੱਢਲਾ ਜੀਵਨ: ਬਚਪਨ ਵਿੱਚ ਮਾਤਾ-ਪਿਤਾ ਨੇ ਉਨ੍ਹਾਂ ਦਾ ਨਾਂ ਦੀਪਾ ਰੱਖਿਆ।ਤਕਰੀਬਨ ੧੮ ਸਾਲ ਦੀ ਉਮਰ ਵਿੱਚ ਉਹ ਆਪਣੇ ਮਾਤਾ ਪਿਤਾ ਦੇ ਨਾਲ ਅਨੰਦਪੁਰ ਸਾਹਿਬ ਵਿਖੇ ਹੋਲਾ-ਮਹੱਲਾ ਮਨਾਉਣ ਲਈ ਪਹੁੰਚੇ।ਇੱਥੇ ਹੀ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਅੰਮ੍ਰਿਤ ਦੀ ਪਾਹੁਲ ਲੈ ਕੇ ਸਿੰਘ ਸਜ ਗਏ ਅਤੇ ਉਨ੍ਹਾਂ ਦਾ ਨਾਂ ਦੀਪ ਸਿੰਘ ਰੱਖ ਦਿੱਤਾ ਗਿਆ।ਬਾਬਾ ਦੀਪ ਸਿੰਘ ਜੀ ਦੇ ਮਾਤਾ ਪਿਤਾ ਤਾਂ ਵਾਪਸ ਪਿੰਡ ਆ ਗਏ ਪਰ ਉਹ ਗੁਰੂ ਜੀ ਸੇਵਾ ਵਿੱਚ ਹੀ ਅਨੰਦਪੁਰ ਸਾਹਿਬ ਵਿਖੇ ਟਿਕ ਗਏ।

ਗੁਰਬਾਣੀ ਦਾ ਅਧਿਐਨ ਅਤੇ ਸ਼ਸਤਰ ਵਿੱਦਿਆ ਦੀ ਪ੍ਰਾਪਤੀ: ਅਨੰਦਪੁਰ ਸਾਹਿਬ ਵਿੱਚ ਰਹਿ ਕੇ ਉਨ੍ਹਾਂ ਨੇ ਭਾਈ ਮਨੀ ਸਿੰਘ ਜੀ ਦੀ ਰਹਿਨੁਮਾਈ ਹੇਠ ਗੁਰਬਾਣੀ ਦਾ ਅਧਿਐਨ ਕੀਤਾ ਅਤੇ ਸ਼ਸਤਰ ਵਿੱਦਿਆ ਗ੍ਰਹਿਣ ਕੀਤੀ।ਉਨ੍ਹਾਂ ਨੇ ਸੰਸਕ੍ਰਿਤ, ਬ੍ਰਜ, ਫ਼ਾਰਸੀ ਅਤੇ ਗੁਰਮੁਖੀ ਭਾਸ਼ਾਵਾਂ ਵਿੱਚ ਮੁਹਾਰਤ ਹਾਸਲ ਕਰ ਕੇ ਜਿੱਥੇ ਧਰਮ ਗ੍ਰੰਥਾਂ ਦਾ ਅਧਿਐਨ ਕੀਤਾ, ਉੱਥੇ ਹੀ ਬਾਣੀ ਦਾ ਪ੍ਰਚਾਰ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੱਥ ਲਿਖਤ ਬੀੜਾਂ ਤਿਆਰ ਕਰਨਾ: ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਵਿਖੇ ਆ

ਗਏ ਤਾਂ ਬਾਬਾ ਦੀਪ ਸਿੰਘ ਜੀ ਵੀ 1705 ਈ. ਵਿੱਚ ਉਨ੍ਹਾਂ ਕੋਲ ਪਹੁੰਚ ਗਏ। ਇੱਥੇ ਹੀ ਉਨ੍ਹਾਂ ਨੇ ਭਾਈ ਮਨੀ ਸਿੰਘ ਜੀ ਨਾਲ ਮਿਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ ਲਿਖਤ ਬੀੜਾਂ ਤਿਆਰ ਕੀਤੀਆਂ। ਬਾਬਾ ਦੀਪ ਸਿੰਘ ਜੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿਆਰ ਕੀਤੇ ਹੱਥ ਲਿਖਤ ਸਰੂਪ ਵੱਖ-ਵੱਖ ਤਖ਼ਤਾਂ ਤੇ ਭੇਜੇ ਗਏ।

ਜੰਗਾਂ-ਯੁੱਧਾਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਸਾਥ ਦੇਣਾ: ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਬਾਬਾ ਦੀਪ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਧਰਮ ਯੁੱਧਾਂ ਵਿੱਚ ਮਦਦ ਕੀਤੀ ਅਤੇ ਪਹਿਲੇ ਖ਼ਾਲਸਾ ਰਾਜ ਦੀ ਸਥਾਪਨਾ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ।



ਸ਼ਹੀਦ ਮਿਸਲ ਦੇ ਜਥੇਦਾਰ ਦੀ ਜ਼ੁੰਮੇਵਾਰੀ: ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਸਰਦਾਰ ਦਰਬਾਰਾ ਸਿੰਘ ਜੀ ਅਤੇ ਨਵਾਬ ਕਪੂਰ ਸਿੰਘ ਜੀ ਨੇ ਸਿੱਖ ਕੌਮ ਨੂੰ ਜਥਿਆਂ ਵਿੱਚ ਵੰਡ ਕੇ ਲਾਮਬੰਦ ਕੀਤਾ। ਇਨ੍ਹਾਂ ਜਥਿਆਂ ਨੂੰ ਮਿਸਲਾਂ ਦਾ ਨਾਂ ਦਿੱਤਾ ਗਿਆ। ਬਾਬਾ ਦੀਪ ਸਿੰਘ ਜੀ ਨੂੰ **ਸ਼ਹੀਦ ਮਿਸਲ** ਦੇ ਜਥੇਦਾਰ ਦੀ ਸੇਵਾ ਸੌਂਪੀ ਗਈ।

ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਨਾ ਸਹਾਰਨਾ: ਅਬਦਾਲੀ ਦਾ ਪੁੱਤਰ ਤੈਮੂਰ ਸਿੱਖਾਂ ਦੀ ਚੜ੍ਹਦੀ ਕਲਾ ਤੋਂ ਪਰੇਸ਼ਾਨ ਸੀ। ਉਸ ਦੇ ਹੁਕਮ ਤੇ ਜਹਾਨ ਖ਼ਾਨ ਨੇ ਸਿੱਖਾਂ ਦਾ ਕਤਲੇਆਮ ਸ਼ੁਰੂ ਕਰ ਦਿੱਤਾ

ਅਤੇ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਨੂੰ ਮਿੱਟੀ ਨਾਲ ਪੂਰ ਦਿੱਤਾ।ਇਹ ਖ਼ਬਰ ਮਿਲਦਿਆਂ ਹੀ ਬਾਬਾ ਦੀਪ ਸਿੰਘ ਜੀ ਨੇ ੫੦੦੦ ਸਿੰਘਾਂ ਦਾ ਜਥਾ ਲੈ ਕੇ ਸ੍ਰੀ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ।ਸ੍ਰੀ ਤਰਨ ਤਾਰਨ ਸਾਹਿਬ ਪਹੁੰਚ ਕੇ ਬਾਬਾ ਜੀ ਨੇ ਅਰਦਾਸ ਕੀਤੀ ਅਤੇ ਸ਼ਹਿਰ ਤੋਂ ਬਾਹਰ ਇੱਕ ਲਕੀਰ ਖਿੱਚ ਦਿੱਤੀ ਤੇ ਕਿਹਾ ਕਿ ਜੋ ਸ਼ਹੀਦ ਹੋਣ ਲਈ ਤਿਆਰ ਹੋਣ ਸਿਰਫ਼ ਉਹੀ ਲਕੀਰ ਟੱਪਣ ਬਾਕੀ ਵਾਪਸ ਚਲੇ ਜਾਣ।ਸਾਰੇ ਸਿੰਘ ਗੁਰਧਾਮਾਂ ਦੀ ਰਾਖੀ ਲਈ ਆਪਾ ਕੁਰਬਾਨ ਕਰਨ ਦੇ ਚਾਉ ਨਾਲ ਜੈਕਾਰੇ ਛੱਡਦੇ ਲਕੀਰ ਟੱਪ ਗਏ।ਅੱਜ ਇੱਥੇ ਗੁਰਦੁਆਰਾ ਲਕੀਰ ਸਾਹਿਬ ਸੁਸ਼ੋਭਿਤ ਹੈ।

ਸ਼ਹੀਦੀ: ਸ੍ਰੀ ਤਰਨ ਤਾਰਨ ਸਾਹਿਬ ਤੋਂ ੧੦ ਕਿਲੋਮੀਟਰ ਦੀ ਦੂਰੀ ਉੱਤੇ ਸਥਿਤ ਗੋਹਲਵੜ ਪਿੰਡ ਵਿਖੇ ਘਮਸਾਨ ਦਾ ਯੁੱਧ ਹੋਇਆ। ਬਾਬਾ ਜੀ ਨੇ ਸਿੰਘਾਂ ਨੂੰ ਦੁਸ਼ਮਣ ਦੀਆਂ ਫ਼ੌਜਾਂ ਤੇ ਟੁੱਟ ਪੈਣ ਲਈ ਲਲਕਾਰਿਆ।ਇਸ ਜਗ੍ਹਾ ਤੇ ਅੱਜ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ।ਇਸ ਜੰਗ ਵਿੱਚ ਬਾਬਾ ਜੀ ਦਾ ਸਾਹਮਣਾ ਜਹਾਨ ਖ਼ਾਨ ਦੀਆਂ ਫ਼ੌਜਾਂ ਨਾਲ ਹੋਇਆ।ਫ਼ੌਜਾਂ ਲੜਦੀਆਂ ਹੋਈਆਂ ਸ੍ਰੀ ਅੰਮ੍ਰਿਤਸਰ ਸਾਹਿਬ ਵੱਲ ਵਧ ਰਹੀਆਂ ਸਨ।ਬਾਬਾ ਦੀਪ ਸਿੰਘ ਜੀ ਆਪਣੇ ੧੮ ਸੇਰ ਦੇ ਦੋਧਾਰੇ ਖੰਡੇ ਨਾਲ ਜ਼ਾਲਮਾਂ ਦੇ ਆਹੂ ਲਾਹੁੰਦਿਆਂ ਅੱਗੇ ਵਧ ਰਹੇ ਸਨ।ਅਮਾਨ ਖਾਨ ਨਾਲ ਆਹਮਣੇ-ਸਾਹਮਣੇ ਦੀ ਜੰਗ ਦੌਰਾਨ ਦੋਹਾਂ ਦੇ ਸਾਂਝੇ ਵਾਰ ਨਾਲ ਦੋਨਾਂ ਦੇ ਸੀਸ ਧੜ ਨਾਲੋਂ ਅੱਡ ਹੋ ਗਏ।ਅਮਾਨ ਖ਼ਾਨ ਦੀ ਤਾਂ ਮੌਕੇ 'ਤੇ ਹੀ ਮੌਤ ਹੋ ਗਈ ਪਰ ਬਾਬਾ ਜੀ ਨੇ ਇੱਕ ਹੱਥ ਦੀ ਤਲੀ ਨਾਲ ਆਪਣੇ ਸੀਸ ਨੂੰ ਸੰਭਾਲਿਆ ਅਤੇ ਦੂਜੇ

ਹੱਥ ਨਾਲ ਖੰਡਾ ਵਾਹੁੰਦੇ ਹੋਏ ਅੱਗੇ ਵਧਦੇ ਰਹੇ।ਬਾਬਾ ਜੀ ਦਾ ਇਹ ਦ੍ਰਿੜ੍ਹ ਨਿਸ਼ਚਾ ਸੀ ਕਿ ਉਹ ਦਰਬਾਰ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਜ਼ਾ ਦੇਣ ਉਪਰੰਤ ਆਪਣਾ ਸੀਸ ਗੁਰੂ ਜੀ ਦੇ ਚਰਨਾਂ ਵਿੱਚ ਭੇਟ ਕਰਕੇ ਹੀ ਸ਼ਹੀਦੀ ਪ੍ਰਾਪਤ ਕਰਨਗੇ।ਉਨ੍ਹਾਂ ਦੀ ਇਹ ਚੜ੍ਹਦੀ ਕਲਾ, ਗੁਰਬਾਣੀ ਦੇ ਅਧਿਐਨ ਸਦਕਾ ਪ੍ਰਾਪਤ ਹੋਈ ਆਤਮਿਕ ਸ਼ਕਤੀ ਦਾ ਪ੍ਰਤੀਕ ਸੀ।ਇਸ ਤਰ੍ਹਾਂ ਉਨ੍ਹਾਂ ਆਪਣੀ ਬਹਾਦਰੀ ਅਤੇ ਕਾਬਲੀਅਤ ਨਾਲ ਇਤਿਹਾਸ ਵਿੱਚ ਨਵਾਂ ਰੰਗ ਭਰਿਆ।ਬਾਬਾ ਜੀ ਤਲੀ ਨਾਲ ਸੀਸ ਨੂੰ ਸੰਭਾਲਦੇ ਹੋਏ ਜ਼ਾਲਮਾਂ ਨਾਲ ਲੜਦੇ ਅੱਗੇ ਵਧਦੇ ਗਏ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿੱਚ ਆਪਣਾ ਸੀਸ ਭੇਟ ਕਰਕੇ ਸ਼ਹੀਦੀ ਪ੍ਰਾਪਤ ਕੀਤੀ।ਇਹ ਸਥਾਨ ਸ੍ਰੀ ਦਰਬਾਰ ਸਾਹਿਬ ਜੀ ਦੀ ਪ੍ਰਕਰਮਾ ਵਿੱਚ ਸੁਸ਼ੋਭਿਤ ਹੈ।ਸ਼ਹੀਦ ਬਾਬਾ ਦੀਪ ਸਿੰਘ ਜੀ ਅਤੇ ਹੋਰ ਸਿੰਘਾਂ ਦਾ ਜਿੱਥੇ ਸਸਕਾਰ ਕੀਤਾ ਗਿਆ, ਉੱਥੇ ਗੁਰਦੁਆਰਾ ਸ਼ਹੀਦਾਂ (ਤਰਨ ਤਾਰਨ-ਅੰਮ੍ਰਿਤਸਰ ਰੋਡ) ਸੁਸ਼ੋਭਿਤ ਹੈ।

ਸਿੱਖਿਆ: ਬਾਬਾ ਦੀਪ ਸਿੰਘ ਜੀ ਦੇ ਜੀਵਨ ਤੋਂ ਸਾਨੂੰ ਗੁਰਬਾਣੀ ਨਾਲ ਅਥਾਹ ਪਿਆਰ ਕਰਨ ਦੀ ਸਿੱਖਿਆ ਮਿਲਦੀ ਹੈ।ਗੁਰੂ ਜੀ ਦੇ ਚਰਨਾਂ ਵਿੱਚ ਆਪਣਾ ਸਭ ਕੁਝ ਨਿਛਾਵਰ ਕਰ ਦੇਣ ਅਤੇ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿੰਦੇ ਹੋਏ ਜ਼ੁਲਮ ਦਾ ਡੱਟ ਕੇ ਮੁਕਾਬਲਾ ਕਰਨ ਦਾ ਬਲ ਭਰਨ ਲਈ ਬਾਬਾ ਜੀ ਦਾ ਜੀਵਨ ਅਨੋਖੀ ਪ੍ਰੇਰਨਾ ਦਿੰਦਾ ਰਹੇਗਾ।

ਹਵਾਲਾ ਪੁਸਤਕਾਂ: 1. ਸਾਡਾ ਇਤਿਹਾਸ, ਲੇਖਕ: ਪ੍ਰਿੰਸੀਪਲ ਸਤਬੀਰ ਸਿੰਘ, ਪ੍ਰਕਾਸ਼ਕ: ਨਿਊ ਬੁੱਕ ਕੰਪਨੀ, ਜਲੰਧਰ

2. ਸਿੱਖ ਇਤਿਹਾਸ ਵਿੱਚੋਂ ਚੋਣਵੀਆਂ ਸਾਖੀਆਂ, ਪ੍ਰਕਾਸ਼ਕ: ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ

3. ਸਿੱਖ ਹਿਸਟਰੀ ਕਾਰਡ ਭਾਗ-2, ਲੇਖਕ: ਡਾ. ਵਰਿੰਦਰਪਾਲ ਸਿੰਘ, ਪ੍ਰਕਾਸ਼ਕ: ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ, ਲੁਧਿਆਣਾ



ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ

99, ਪ੍ਰੀਤ ਵਿਹਾਰ, ਪੱਖੋਵਾਲ ਰੋਡ, ਲੁਧਿਆਣਾ - 142022

+91 82880-10531 / 32 www.atampargas.org

Like Facebook Page Subscribe YouTube Channel

The History Today (November 15, 2021)

Martyrdom: Baba Deep Singh Ji

Mother: Mata Jeoni Ji

Father: Bhai Bhagta Ji

Date of Birth: *14 Maagh, Sambat 1739 Bikrami* (January 27, 1682)

Place of Birth: Village Pahuwind, District Sri Tarn Taran Sahib, Punjab

Martyrdom: *30 Kattak, Sambat 1814 Bikrami* (November 11, 1757)

Sikh history is replete with the stories of unparalleled martyrdoms. Exasperated by Sri Guru Nanak Dev Ji's ideology of "welfare of all", the tyrant despot martyred Sri Guru Arjan Dev Ji by making Him sit on a hot plate and putting hot sand on His head. The state intended to supress the voice of truth. On the contrary, the martyrdom of Sri Guru Arjan Dev Ji taught the Sikhs to remain unflinching and even sacrifice themselves for upholding the truth. Consequently, the Sikhism started flourishing even more. Subsequently, Sri

Guru Hargobind Sahib Ji wore two swords, representing the dual concept of ***Miri*** and ***Piri*** (temporal power and spiritual authority) which infused a new lease of life among the feeble. In fact, this movement started to grow from strength to strength. This posed a mighty challenge to Aurangzeb who tried his best to crush it. When Aurangzeb resolved that he would take food and water only after removing *Janeau* (Upanayana) equal to his weight everyday, Sri Guru Teg Bahadur Ji accepted the plea of *Kashmiri Pandits* to help them. Guru Ji proceeded to Delhi for the protection of human rights and His efforts culminated in His martyrdom. Thus Sri Guru Teg Bahadur Ji sacrificed His own life for another religion which has no precedence in history. Afterwards, Sri Guru Gobind Singh Ji sacrificed His whole family for this mission of welfare of all.

Blessing the Sikhs with *khande bate di pahul (Amrit),* Sri Guru Gobind Singh Ji instilled in them the spirit of sacrifice that prepared them to create unrivaled history. Baba Deep Singh Ji was fortunate to receive this divine gift from Sri Guru Gobind

Singh Ji and is one of the shining stars of the unique Sikh history. His martyrdom is exemplary indeed.

Early Life of Baba Deep Singh Ji: As a child, his parents named him Deepa. He came to Anandpur Sahib with his parents to celebrate *Hola Mahalla* when he was around 18. Here, at Anandpur Sahib, he received *khande bate di pahul* from Sri Guru Gobind Singh Ji and was named as Deep Singh. While his parents left for the village, he stayed back to serve the Guru.

Gurbani Study and Arms Training: Baba Deep Singh Ji studied Gurbani and received arms training under the guidance of Bhai Mani Singh Ji while he lived at Anandpur Sahib. He mastered Sanskrit, Brij, Persian and Gurmukhi languages. He did not only study the scriptures but also played a crucial role in preaching Gurbani.

Preparation of Hand Written *Beerhs (recensions)* of Sri Guru Granth Sahib Ji: In 1705 when Sri Guru Gobind Singh Ji reached Talwandi Sabo, Baba Deep Singh Ji also reached

there to serve Him. Here, he prepared hand written *Beerhs (Recensions)* of Sri Guru Granth Sahib Ji along with Bhai Mani Singh Ji. These *Beerhs* were sent to various *Takhts*.

Accompanying Baba Banda Singh Bahadur in the battlefield: After Sri Guru Gobind Singh Ji left for the eternal abode, Baba Deep Singh Ji helped Baba Banda Singh Bahadur in many battles and played an important role in establishing the first *Khalsa Raj.*

Responsibility of *Jathedar* (Chief) of *Shaheed Misl:* After the martyrdom of Baba Banda Singh Bahadur, Sardar Darbara Singh and Sardar Kapoor Singh mobilised the Sikhs by organizing them into groups known as *Misl.* Baba Deep Singh Ji was given the responsibility of *Jathedar* (Chief) of *Shaheed Misl.*

Intolerance of sacrilege of Sri Darbar Sahib: Abdali's son, Taimur Khan, was disturbed over the rise of the Sikhs. At his behest, Jahan Khan started massacring the Sikhs and filled the sacred *sarovar* (pool) of Sri Harmandir Sahib with mud. Upon

hearing this news, Baba Deep Singh Ji marched towards Sri Amritsar Sahib along with a battalion of 5000 Sikhs. Arriving at Tarn Taran Sahib, Baba Ji prayed before Almighty and drew a line outside the city, asking those who were ready to be martyred to cross over, and the rest to retreat. All the Sikhs crossed the line with an overwhelming desire to lay down their lives for the protection of *gurdwaras*. Gurdwara Lakir Sahib at this sacred spot commemorates that chapter from history.

Martyrdom: A fierce battle took place at a village named Gohlwarh at a distance of 10 kms from Sri Tarn Taran Sahib. Baba Ji urged the Singhs to launch a fierce invasion (Gurdwara *Lalkar* Sahib is situated at this place nowadays). In this battle Baba Ji was confronted by Jahan Khan’s forces. The armies were advancing towards Sri Amritsar Sahib. Baba Ji marched ahead, combating the adversary with his 18 *Ser Khanda* (double-edged sword). During the face-to-face battle with Amaan Khan, their heads were severed from their torsos by their mutual blows. Amaan Khan died on the spot, but Baba Ji held his head on one palm and continued to

use his *khanda* with the other. Baba Ji was determined that he would offer his head only before Guru Ji and not leave this mortal world before punishing those who committed the sacrilege. This incredible exercise of determination emanated from the spirtual power he attained through Gurbani. This evidence of valor is matchless. With his head on the palm, Baba Ji reached the periphery of Sri Harmandir Sahib. Here, he offered his head to Guru Ji and attained martyrdom. Gurdwara Shaheedan is situated where Baba Deep Singh Ji and other Singhs were cremated (on Tarn Taran-Amritsar Road).

Moral: Baba Deep Singh Ji's life is a supreme example of sacrificing all out unto Guru. We must be steadfast in our love for and faith in Gurbani. Also, that we should always be ready to fight against the opression.

Reference Books: 1. Sikh Itihaas, Writer: Prof. Kartar Singh M.A., Publisher: Shiromani Gurdwara Prabandak Committee, Sri Amritsar

2. Sikh Itihaas Vicho Chonvia Saakhia, Publisher: Sikh Missionary College, Ludhiana

3. Sikh History Card Part-2, Writer: Dr. Varinderpal Singh, Publisher: Atam Pargas Social Welfare Council, Ludhiana

....

The Atam Pargas Positive Thinkers Training Institute daily provides value-based lessons through the **“Atam Pargas App”** to develop Truthful Human Beings. A team of intellectuals is volunteering to mentor students and set them as world-class citizens in the service of mankind. We lay a particular emphasis on inculcating the spirit of self-discipline through a unique time table available in the app. You may avail of these services by registering yourself as a “Positive Thinker” in the **“Atam Pargas App”** on your android device.



Atam Pargas Social Welfare Council
99, PreetVihar, Pakhowal Road, Ludhiana-142022
+91 82880-10531 / 32 www.atampargas.org
Like Facebook Page Subscribe YouTube Channel

आज के दिन (दिनांक 15 नवंबर, 2021) का इतिहास

शहीदी दिवस: बाबा दीप सिंघ जी

माता जी: माता जिओणी जी

पिता जी: भाई भगता जी

जन्म-तिथि: 14 माघ, संमत 1739 बि. (27 जनवरी, सन 1682 ई.)

जन्म स्थान: गांव पहूविंड, जिला श्री तरन तारन साहिब, पंजाब

शहीदी: 30 कार्तिक, संमत 1814 बि. (11 नवंबर, सन 1757 ई.)

सिक्ख इतिहास अदभुत शहादतों की घटनाओं से भरपूर है।श्री गुरु नानक देव जी द्वारा सरबत्त के भले की विचारधारा के दिन प्रतीदिन बड़ रहे प्रसार से परेशान होकर जालिम हकूमत ने सच की आवाज़ को मिटाने के लिए श्री गुरु अर्जुन देव जी को गर्म तवी पर बिठाकर और शीश पर गर्म रेत डालकर शहीद कर दिया।श्री गुरु अर्जुन देव जी की शहीदी ने सिक्खों के अंदर उचित आदर्श प्राप्ति के लिए स्वयं को कुर्बान करने का नया गुण भर दिया और सिक्खों की फुलवारी और प्रफुल्लित होने लग गई।श्री गुरु हरगोबिंद साहिब जी ने मीरी और पीरी की दो कृपाणें धारण करके निर्बल हुई प्रजा के अंदर नया जोश पैदा कर दिया तथा यह लहर और प्रचंड हो गई।इस लहर को औरंगजेब का जुल्म भी ख़त्म ना कर सका और

यह उसके लिए एक वंगार बन गई।जब औरंगजेब ने प्रतीदिन अपने भार के बराबर जनेऊ उतार कर हिन्दू धर्म का नामो-निशान मिटा देने के हुक्म जारी कर दिए तो श्री गुरु तेग बहादुर जी ने मानव अधिकारों की रक्षा के लिए शहीदी देकर सिक्खों के अंदर सरबत्त के भले के लिए कुरबानी का जोश भर दिया।किसी दूसरे के धर्म के लिए स्वयं को कुर्बान करने की यह इतिहास में नई मिसाल है।इसके बाद श्री गुरु गोबिंद सिंघ जी ने सरबत्त के भले के इस मिशन को और आगे बढ़ाने के लिए अपना सारा परिवार न्योछावर कर दिया।अपने सिक्खों को खंडे-बाटे की पाहुल बख्शिश करके उनके अंदर कुर्बानी के लिए हमेशा तैयार रहने की भावना पैदा कर दी।गुरु जी ने सिक्खों को इस काबिल बना दिया कि उन्होंने बेमिसाल इतिहास रच दिया।इसी इतिहास के चमकते सितारे हैं बाबा दीप सिंघ जी।

बाबा जी को श्री गुरु गोबिंद सिंघ जी से खंडे बाटे की पाहुल प्राप्त करने का सौभाग्य प्राप्त हुआ।उनकी शहीदी अपने आप में एक अदभुत मिसाल है।

बाबा दीप सिंघ जी का शुरुआती जीवन: बचपन में माता-पिता ने उनका नाम दीपा रखा।18 साल की उम्र में वह अपने माता-पिता के साथ आनंदपुर साहिब में होला-मोहल्ला मनाने के लिए गए।यहीं पर उन्होंने गुरु गोबिंद सिंघ जी से अमृत की पाहुल ली और सिंघ सज गए और उनका नाम दीप सिंघ रख दिया गया।बाबा दीप सिंघ

जी के माता-पिता वापिस गांव लौट आए परंतु वह गुरु जी की सेवा में आनंदपुर साहिब ही रुक गए।

गुरबानी का अध्ययन और शस्त्र विद्या की प्राप्तिः आनंदपुर साहिब में रहकर उन्होंने भाई मनी सिंघ जी से गुरबानी का अध्ययन किया और शस्त्र विद्या ग्रहण की।उन्होंने संस्कृत, ब्रज, फारसी और गुरमुखी भाषाओं का ज्ञान प्राप्त किया और धार्मिक ग्रंथों का अध्ययन किया, वहीं पर बानी का प्रचार करने में भी अहम भूमिका निभाई।

श्री गुरु ग्रंथ साहिब जी की हस्त लिखित बीड़ तैयार करनाः जब श्री गुरु गोबिंद सिंघ जी तलवंडी साबो आए तब बाबा दीप सिंघ जी भी 1705 ई. में उनके पास पहुंच गए।यहीं पर उन्होंने भाई मनी सिंघ जी के साथ मिलकर श्री गुरु ग्रंथ साहिब जी की हस्त लिखित बीड़ें भी तैयार कीं।बाबा दीप सिंघ जी द्वारा श्री गुरु ग्रंथ साहिब जी के तैयार किए गए हस्त लिखित स्वरूप अलग-अलग तख्तों पर भेजे गए।

जंगों-युद्धों में बाबा बंदा सिंघ बहादुर जी का साथ देनाः श्री गुरु गोबिंद सिंघ जी के जोती-जोत समाने के बाद बाबा दीप सिंघ जी ने बाबा बंदा सिंघ बहादुर जी की धर्म युद्धों में मदद की और पहले ख़ालसा राज्य की स्थापना में विशेष भूमिका निभाई।

शहीद मिसल के जथेदार की जिम्मेदारी: बाबा बंदा सिंघ बहादुर जी की शहीदी के बाद सरदार दरबारा सिंघ जी और नवाब कपूर सिंघ जी ने सिक्ख कौम को अलग-अलग जत्थों में बांटकर उनका नेतृत्व किया।इन जत्थों को मिसलों का नाम दिया गया।बाबा दीप सिंघ जी को **शहीद मिशन** के जत्थेदार की सेवा सौंपी गई।

श्री दरबार साहिब जी की बेअदबी ना सहन करना: अबदाली का पुत्र तैमूर सिक्खों के बढ़ते कदम देखकर परेशान था।उसके हुकुम पर जहान खान ने सिक्खों का कत्लेआम शुरु कर दिया और हरिमंदिर साहिब के पवित्र सरोवर को मिट्टी से भर दिया।यह ख़बर मिलते ही बाबा दीप सिंघ जी 5000 सिक्खों का जत्था लेकर श्री अमृतसर की तरफ रवाना हो गए।श्री तरन तारन साहिब पहुँचकर बाबा जी ने अरदास की और शहर से बाहर एक लकीर खींच दी और कहा कि जो शहीद होने के लिए तैयार है सिर्फ वही इस लकीर को पार करें और बाकी वापिस चले जाए।सभी सिक्खों ने गुरुधामों की रक्षा के लिए बड़े चाव से जयकारे लगाते हुए लकीर पार कर ली।आज यहाँ पर गुरुद्वारा लकीर साहिब सुशोभित है।

शहीदी: श्री तरन तारन साहिब से 10 किलोमीटर की दूरी पर गाँव गोहलवढ़ में घमासान युद्ध हुआ।बाबा जी ने सिक्खों को दुश्मन की फौज़ पर टूट पड़ने की ललकार दी।इस स्थान पर गुरुद्वारा ललकार साहिब बना हुआ है।इस जंग में बाबा जी का सामना जहान खान की फौज़ के साथ हुआ।फौज़ लड़ती हुई श्री अमृतसर की ओर बढ़

रहीं थी।बाबा दीप सिंघ जी अपने 18 सेर के दो धारी खंडे के साथ जालिमों का नाश करते हुए आगे बढ़ रहे थे।अमान खान के साथ जंग के दौरान दोनों के साँझे वार से दोनों के शीश धड़ से अलग हो गए।अमान खान की तो मौके पर ही मौत हो गई, परंतु बाबा जी ने एक हाथ की हथेली पर अपना शीश संभाला और दूसरे हाथ से खंडे का वार करते हुए आगे बढ़ गए।बाबा जी का यह दृढ़ निश्चय था कि दरबार साहिब की बेअदबी करने वालों को सज़ा देने के उपरांत ही वह अपना शीश गुरु जी के चरणों में भेंट करके शहीदी प्राप्त करेंगे।उनकी यह चढ़दी कला, गुरबानी के अध्ययन द्वारा प्राप्त हुई आत्मिक शक्ति का प्रतीक थी।इस तरह उन्होंने अपनी बहादुरी और काबीलियत से इतिहास में एक नया रंग भर दिया।बाबा जी हथेली के साथ शीश को संभालते हुए जालिमों से लड़ते हुए आगे बढ़ते गए और श्री हरिमंदिर साहिब की परिक्रमा में अपना शीश भेंट करके शहीदी प्राप्त की।यह स्थान श्री दरबार साहिब की परिक्रमा में सुशोभित है।शहीद बाबा दीप सिंघ जी और सिक्खों का जिस स्थान पर संस्कार किया गया, वहाँ पर गुरुद्वारा शहीदां (तरन तारन-अमृतसर रोड) सुशोभित है।

शिक्षा: बाबा दीप सिंघ जी के जीवन से हमें गुरबानी से असीम प्यार करने की शिक्षा मिलती है।गुरू जी के चरणों में अपना सब कुछ न्योछावर कर देने और हमेशा चढ़दी कला में रहते हुए जुल्म का

डटकर मुकाबला करने का बल भरने के लिए बाबा जी का जीवन अनौखी प्रेरना देता है।

हवाला पुस्तकें: 1. साडा इतिहास, लेखक: प्रि. सतवीर सिंघ, प्रकाशक: न्यू बुक कंपनी, जालंधर

2. सिक्ख इतिहास में से चौनवियाँ साखियाँ, प्रकाशक: सिक्ख मिशनरी कालेज, लुधियाना

3. सिक्ख हिसटरी कार्ड भाग-2, लेखक: डाक्टर वरिंदरपाल सिंघ, प्रकाशक: आत्म प्रगास सोशल वौलफेयर काउंसल, लुधियाना



Great Martyr: Baba Deep Singh Ji

Baba Deep Singh Ji (1682-1757 A.D.) was born at village Pahuwind in Sri Amritsar Sahib. He witnessed the birth ceremony of Khalsa in 1699 A.D. at Sri Anandpur Sahib, partook *Amrit* and spent his youth in the company of Sri Guru Gobind Singh Ji. He helped Bhai Mani Singh in writing *Damdami Beerh* (final version of Sri Guru Granth Sahib Ji) at Talwandi Sabo. He was the chief of *Shaheedan Misl* and led Sikh army to defend Sri Harmandir Sahib from Afghans on November 11, 1757. His neck was mortally cut during the battle at Gohalwar (halfway between Tarn Taran and Sri Amritsar Sahib). He carried his severed head in left hand and continued fighting with heavy double-edged sword in his right hand till he reached the circumambulation of Sri Harmandir Sahib. Baba Deep Singh by his martyrdom for liberating Sri Harmandir Sahib from Mughals had set a glorious tradition for all Sikhs to follow.

(The excerpt from 'Sikh History Card Part - 2')